# ਹੈ ਕੋਈ ਰਾਮ ਪਿਆਰੋ ਗਾਵੈ

**ਗਉੜੀ ਬੈਰਾਗਣ ਰਹੋਏ ਕੇ ਛੰਤ ਕੇ ਘਰਿ ਮ: ੫**

**ੴ ਸਤਿ ਗੁਰ ਪ੍ਰਸਾਦਿ ॥**

ਇਹ ਸ਼ਬਦ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਦਾ, ਰਾਗ ਗਉੜੀ ਦੇ ਬੈਰਾਗਣ ਪਰਕਾਰ ਵਿਚ ਉਚਾਰਣ ਕੀਤਾ ਹੋਇਆ ਹੈ, ਜੋ, ਪੰਨਾ ੨੦੩ ਤੇ ਸੁਭਾਇਮਾਨ ਹੈ। '**ਰਹੋਆ**', ਇਕ ਪੰਜਾਬੀ ਛੰਤ ਜਾਂ ਗੀਤ ਸੀ, ਜੋ ਲੰਮੀ ਹੇਕ ਵਾਲੀ ਧਾਰਨਾ ਨਾਲ ਗਾਇਆ ਜਾਂਦਾ ਸੀ। ਇਸ ਨੂੰ, ਆਮ ਕਰਕੇ, ਇਸਤਰੀਆਂ, ਵਿਆਹ ਵੇਲੇ ਜਾਂ ਦੇਵਤਿਆਂ ਦੇ ਮੰਦਰਾਂ ਵਿਚ ਵੀ ਗਾਉਂਦੀਆਂ ਸਨ। ਇਸ ਵਿਚ ਲੰਬੀ ਰਹਾਉ ਦੀ ਪੰਕਤੀ ਤੋਂ ਇਲਾਵਾ, ਟੇਕ ਦੀ ਪੰਕਤੀ ਵੀ ਵਾਰ ਵਾਰ ਗਾਉਣੀ ਹੁੰਦੀ ਸੀ।

ਪੰਚਮ ਪਾਤਸ਼ਾਹ ਨੇ ਇਸ ਸ਼ਬਦ ਨੂੰ 'ਰਹੋਏ ਕੇ ਛੰਤ' ਵਾਲੀ ਤਰਜ਼ ਤੇ ਗਾਉਣ ਦੀ ਹਦਾਇਤ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਹੋਰ ਵੀ ਕਈ ਧੁਨੀਆਂ ਦਾ ਜ਼ਿਕਰ ਮਿਲਦਾ ਹੈ ਪਰ ਅਫ਼ਸੋਸ ਹੈ ਕਿ ਅਜ, ਇਹ ਸਾਰੀਆਂ ਧੁਨਾਂ, ਅਲੋਪ ਹੋ ਚੁਕੀਆਂ ਹਨ।

ਸਿਰਲੇਖ ਤੋਂ ਬਾਅਦ, ਮੂਲ ਮੰਤਰ ਦਾ ਸੰਖੇਪ ਸਰੂਪ ਅੰਕਤ ਹੈ।

**ਹੈ ਕੋਈ ਰਾਮ ਪਿਆਰੋ ਗਾਵੈ॥**
**ਸਰਬ ਕਲਿਆਣ ਸੂਖ ਸਚੁ ਪਾਵੈ॥ਰਹਾਉ॥**

**ਅਰਥ** : ਸ੍ਰੀ ਗੁਰੂ ਅਰਜਨ ਸਾਹਿਬ ਨੇ ਪ੍ਰਸ਼ਨਾਤਮਕ ਵਿਧੀ ਅਪਨਾਈ ਹੈ। ਪੁਛਿਆ ਹੈ, 'ਕੋਈ ਹੈ ! ਜੋ ਮੇਰੇ ਰਾਮ ਨੂੰ, ਪ੍ਰੇਮ ਦੀ ਲੋਰ ਵਿਚ, ਮਸਤੀ ਵਿਚ ਗਾਉਂਦਾ ਹੈ, ਉਸਤਤਿ ਕਰਦਾ ਹੈ, ਅਰਾਧਨਾ ਕਰਦਾ ਹੈ, ਉਸਦੇ ਗੁਣਾਂ ਦਾ ਸਿਮਰਨ ਕਰਦਾ ਕਰਦਾ ਹੈ ?' ਭਾਵ, ਮੈਂ ਤਾਂ ਪ੍ਰੇਮ ਦੀ ਲੋਰ ਵਿਚ, ਆਪਣੇ ਪਿਆਰੇ ਰਾਮ ਦਾ ਜੱਸ ਕਰਦਾ ਹਾਂ ਅਤੇ ਮੇਰੇ ਪਿਆਰੇ ਰਾਮ ਨੂੰ ਤੁਸੀਂ ਵੀ ਸਿਮਰੋ।

ਇਹੋ ਜਿਹੀ, ਦਰਸ਼ਨਾਂ ਜਾਂ ਮਿਲਾਪ ਬਾਰੇ ਪ੍ਰਸ਼ਨਾਤਮਕ ਵਿਧੀ ਹੋਰ ਥਾਈਂ ਵੀ ਅਪਨਾਈ ਗਈ ਹੈ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੨੫੭ ਤੇ, ਇੰਞ ਪ੍ਰਸ਼ਨ ਕਰਦੇ ਹਨ – 'ਕਬਹੂੰ ਸਾਹਿਬੁ ਦੇਖਿਆ ਭੈਣ॥' ਭਾਵ, ਹੇ ਭੈਣੇ ! ਤੂੰ, ਮੇਰੇ ਸਾਹਿਬ ਨੂੰ, ਪ੍ਰਭੂ ਨੂੰ ਕਦੀ ਵੇਖਿਆ ਹੈ ?

**ਅਰਥ** : ਨਾਲ ਹੀ ਦਸਿਆ ਹੈ ਕਿ ਜੋ ਵੀ, ਮੇਰੇ ਪਿਆਰੇ ਰਾਮ ਦਾ ਜੱਸ ਕਰਦਾ ਹੈ, ਉਸ ਨੂੰ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ, ਉਹ, ਉਸ ਸਚ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਉਸ ਦਾ ਹਰ ਪਰਕਾਰ ਨਾਲ ਕਲਿਆਣ ਹੋ ਜਾਂਦਾ ਹੈ।ਰਹਾਉ।

**ਬਨੁ ਬਨੁ ਖੋਜਤ ਫਿਰਤ ਬੈਰਾਗੀ॥ ਬਿਰਲੇ ਕਾਹੂ ਏਕ ਲਿਵ ਲਾਗੀ॥**
**ਜਿਨਿ ਹਰਿ ਪਾਇਆ ਸੇ ਵਡਭਾਗੀ॥੧॥**

**ਅਰਥ** : ਕਈ ਲੋਕ, ਵੈਰਾਗੀ ਹੋ ਕੇ, ਉਸ ਨੂੰ ਜੰਗਲ ਜੰਗਲ ਲਭਦੇ ਫ਼ਿਰਦੇ ਹਨ। ਪਰ ਉਸ ਇਕ ਪ੍ਰਭੂ ਨਾਲ ਕਿਸੇ ਵਿਰਲੇ ਦੀ ਹੀ ਲਿਵ ਜੁੜਦੀ ਹੈ। ਲਿਵ ਜੁੜਨ ਦਾ ਅਰਥ ਹੁੰਦਾ ਹੈ, ਦੁਨਿਆਵੀ ਧਿਆਨਾਂ ਤੋਂ ਹਟ ਕੇ, ਹਰ ਵਕਤ, ਮਤਲਬ ਹਰ ਵਕਤ, ਬਿਨਾਂ ਇਕ ਖਿੰਨ ਦੀ ਰੁਕਾਵਟ ਦੇ, ਹਰ ਵਕਤ, ਪ੍ਰਭੂ ਦੇ ਪ੍ਰੇਮ ਭਿਜੇ ਸਿਮਰਣ ਦਾ ਪ੍ਰਵਾਹ, ਆਪ ਮੁਹਾਰਾ, ਕਿਸੇ ਚਸ਼ਮੇ ਵਾਂਙੂੰ ਫੁਟ ਪੈਂਦਾ ਹੈ, ਜੋ, ਰੋਕਿਆਂ ਵੀ ਨਹੀਂ ਰੁਕਦਾ। ਇਹ ਹੁੰਦੀ ਹੈ ਵਿਸਮਾਦ ਦੀ ਅਵਸਥਾ। ਇਹੀ ਹੈ ਨਾਮ ਦਾ ਅਰੰਭ।

**ਅਰਥ** : ਇਸ ਅਵੱਸਥਾ ਤੇ ਪੁਜਣ ਤੋਂ ਬਾਅਦ, ਜਿਨ੍ਹਾਂ ਨੇ ਹਰੀ ਪ੍ਰਭੂ ਨੂੰ ਪਾ ਲਿਆ ਹੈ

ਉਹ, ਵਡੇ ਭਾਗਾਂ ਵਾਲੇ ਹਨ।੧।

ਸ੍ਰੀ ਗੁਰੂ ਰਾਮਦਾਸ ਸਾਹਿਬ ਦਸਦੇ ਹਨ ਕਿ ਹਰੀ ਪ੍ਰਭੂ ਦੇ ਦਰਸ਼ਨਾਂ ਲਈ ਕਈਆਂ ਨੇ ਕਈ ਢੰਗ ਅਪਨਾਏ, ਜਿਵੇਂ, ਦੇਵਤਿਆਂ ਨੇ ਕਈ ਦੁਖ ਸਹਾਰੇ, ਭੁਖਾਂ ਕਟੀਆਂ, ਤੀਰਥ ਕੀਤੇ, ਜੋਗੀ, ਜਤੀ ਕਈ ਤਰ੍ਹਾਂ ਦੀਆਂ ਜੁਗਤੀਆਂ ਕੀਤੀਆਂ, ਕਈ ਤਰ੍ਹਾਂ ਦੇ ਭਗਵੇਂ ਭੇਖ ਧਾਰਣ ਕੀਤੇ - 'ਦੇਵਤਿਆ ਦਰਸਨ ਕੈ ਤਾਈ  ਦੂਖ ਭੂਖ ਤੀਰਥ ਕੀਏ॥ ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥...' ਇਸ ਸ਼ਬਦ ਵਿਚ, ਹਰੀ ਦੇ ਦਰਸ਼ਨ ਪ੍ਰਾਪਤ ਕਰਣ ਹਿਤ, ਹੋਰ ਕਈਆਂ ਦੁਆਰਾ, ਅਜਿਹੇ ਹੋਰ ਔਖੇ ਔਖੇ ਕੀਤੇ ਕਰਮ ਅਭਿਆਸ ਵੀ ਦਸੇ ਹਨ। ਪਾਤਸ਼ਾਹ, ੧੭੨ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਗੁਰੂ ਦੀ ਮਤ ਧਾਰਣ ਕਰਕੇ ਹੀ, ਉਹ ਅਨਹੱਤ ਸ਼ਬਦ (Unstruck Melody), ਮਨ ਵਿਚ ਆ ਵਸਦਾ ਹੈ ਤੇ ਮਨ ਉਸ ਨੂੰ ਗਾ ਉਠਦਾ ਹੈ, ਫ਼ਲ ਸਰੂਪ, ਉਸ ਗੁਰੂ ਦੇ ਦਰਸ਼ਨ ਪ੍ਰਾਪਤ ਹੋ ਜਾਂਦੇ ਹਨ ਅਤੇ ਗੁਰੂ ਦੀ ਬਖਸ਼ਿਸ਼ ਸਦਕਾ ਮਨੁਖ ਦੀ ਲਿਵ, ਨਾਮ ਵਿਚ ਲਗ ਜਾਂਦੀ ਹੈ, ਸਦਕੇ ਹਾਂ, ਉਸ ਗੁਰੂ ਦੇ, ਵਾਰ ਵਾਰ ਸਦਕੇ ਹਾਂ, ਉਸ ਗੁਰੂ ਦੇ - 'ਗੁਰਮਤਿ ਬਾਜੈ ਸਬਦੁ ਅਨਾਹਦੁ  ਗੁਰਮਤਿ ਮਨੂਆ ਗਾਵੈ॥ ਵਡਭਾਗੀ ਗੁਰ ਦਰਸਨੁ ਪਾਇਆ  ਧਨੁ ਧੰਨੁ ਗੁਰੂ ਲਿਵ ਲਾਵੈ॥'

**ਬ੍ਰਹਮਾਦਿਕ ਸਨਕਾਦਿਕ ਚਾਹੈ॥ ਜੋਗੀ ਜਤੀ ਸਿਧ  ਹਰਿ ਆਹੈ॥**
**ਜਿਸਹਿ ਪਰਾਪਤਿ  ਸੋ ਹਰਿ ਗੁਣ ਗਾਹੈ॥੨॥**

**ਅਰਥ :** ਉਪਰਲੇ ਬੰਦ ਵਿਚ, ਜਿਸ ਉਚ ਅਵੱਸਥਾ ਦਾ ਜ਼ਿਕਰ ਕੀਤਾ ਗਿਆ ਹੈ, ਉਸ ਨੂੰ ਪ੍ਰਾਪਤ ਕਰਨ ਲਈ ਬ੍ਰਹਮਾ ਆਦਿ ਹੋਰ ਦੇਵਤੇ ਅਤੇ ਬ੍ਰਹਮਾ ਦੇ ਸਨਕ ਆਦਿਕ ਚਾਰੇ ਪੁਤਰ, ਪ੍ਰਾਪਤ ਕਰਨਾ ਲੋਚਦੇ ਰਹੇ ਹਨ। ਵਡੇ ਵਡੇ ਜੋਗੀ, ਜਤੀ, ਸਿਧ ਆਦਿ ਹਰੀ ਪ੍ਰਭੂ ਦੀ ਪ੍ਰਾਪਤੀ ਲਈ ਆਹਾਂ ਭਰਦੇ ਹਨ, ਭਾਵ, ਤਰਸਦੇ ਹਨ, ਤਾਂਘ ਰਖਦੇ ਹਨ।

ਪਾਤਸ਼ਾਹ, ੪੦੧ ਪੰਨਾ ਤੇ, ਫ਼ੁਰਮਾਣ ਕਰਦੇ ਹਨ ਕਿ ਬ੍ਰਹਮਾ ਆਦਿ ਦੇਵਤੇ, ਬ੍ਰਹਮਾ ਦੇ ਸਨਕ ਆਦਿ ਚਾਰੇ ਪੁਤਰ, ਵਾਹਗੁਰੂ ਦੇ ਮਹਲ ਤਕ ਪੁੱਜਣ ਲਈ ਹਮੇਸ਼ਾਂ ਤੋਂ ਤਰਸਦੇ ਰਹੇ ਹਨ, ਪਰ ਵਾਹਗੁਰੂ ਦਾ ਮਹਿਲ, ਹਮੇਸ਼ਾਂ ਹੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੀ ਰਿਹਾ ਹੈ - 'ਬ੍ਰਹਮਾਦਿਕ ਸਨਕਾਦਿਕ  ਸਨਕ  ਸਨੰਦਨ ਸਨਾਤਨ  ਸਨਤਕੁਮਾਰ   ਤਿਨ੍ ਕਉ ਮਹਲੁ ਦੁਲਭਾਵਉ॥'

ਇਸੇ ਨਾਮ ਦੀ ਪ੍ਰਾਪਤੀ ਲਈ ਵਡੇ ਵਡੇ ਸਿਧ, ਮੁਨੀ ਆਦਿ ਲੋਚਦੇ ਹਨ, ਪਰ ਇਹ ਪ੍ਰਾਪਤੀ ਕਿਸੇ ਵਿਰਲੇ ਨੂੰ ਹੁੰਦੀ ਹੈ। ਭਗਤ ਨਾਮਦੇਵ ਜੀ ਫ਼ੁਰਮਾਣ ਕਰਦੇ ਹਨ - 'ਸਾਧਿਕ ਸਿਧ ਸਗਲ ਮੁਨਿ ਚਾਹਹਿ   ਬਿਰਲੇ ਕਾਹੂ ਡੀਠੁਲਾ॥' ਭਗਤ ਕਬੀਰ ਜੀ, ਪੰਨਾ ੪੭੬ ਤੇ, ਫ਼ੁਰਮਾਉਂਦੇ ਹਨ ਕਿ ਸਭ ਜੋਗੀ ਜਤੀ ਤਪੀ ਸੰਨਿਆਸੀ, ਜ਼ਿਆਦਾ ਤਰ, ਤੀਰਥਾਂ ਦਾ ਭ੍ਰਮਣ ਕਰਣ ਵਾਲੇ ਹੁੰਦੇ ਹਨ। ਉਨ੍ਹਾਂ ਤੋਂ ਇਲਾਵਾ ਸ੍ਰੇਵੜੇ, ਜੋ ਸਿਰ ਦੇ ਵਾਲ ਪੁੱਟਦੇ ਹਨ, ਤੜਾਗੀ ਪਾਉਂਦੇ ਹਨ, ਮੋਨੀ ਹੁੰਦੇ ਹਨ, ਜਟਾਧਾਰ ਆਦਿ ਸਭ, ਜਿਤਨੇ ਮਰਜ਼ੀ ਪਏ ਕਰਮ ਕਰੀ ਜਾਣ, ਇਨ੍ਹਾਂ ਕਰਮਾਂ ਦੇ ਕਰਣ ਨਾਲ, ਇਹ ਸਭ ਜਨਮ ਮਰਨ ਦੇ ਗੇੜ ਤੋਂ ਬਚ ਨਹੀਂ ਸਕਦੇ - 'ਜੋਗੀ ਜਤੀ ਤਪੀ ਸੰਨਿਆਸੀ  ਬਹੁ ਤੀਰਥ ਭ੍ਰਮਨਾ।। ਲੁੰਜਿਤ ਮੁੰਜਿਤ ਮੋਨਿ ਜਟਾਧਰ   ਅੰਤਿ ਤਊ ਮਰਨਾ।।'

**ਅਰਥ :** ਜਿਸ ਨੂੰ ਵੀ ਅਜਿਹੀ ਪ੍ਰਾਪਤੀ ਹੋ ਜਾਂਦੀ ਹੈ, ਉਹ ਸਦਾ ਲਈ ਵਾਹਗੁਰੂ ਦੇ ਗੁਣ ਗਾਇਨ, ਭਾਵ, ਸਿਮਰਨ ਵਿਚ ਜੁੜ ਜਾਂਦਾ ਹੈ।

ਪਾਤਸ਼ਾਹ ਹੋਰ ਫ਼ੁਰਮਾਣ ਕਰਦੇ ਹਨ ਕਿ ਜਿਸ ਨੂੰ ਇਹ ਪ੍ਰਾਪਤੀ ਹੋ ਜਾਂਦੀ ਹੈ ਉਹ ਜਨ, ਇਸ ਸੰਸਾਰ ਤੋਂ ਹਰੀ ਪ੍ਰਭੂ ਦਾ ਨਾਮ ਜਪ ਕੇ, ਲਾਹਾ ਖਟ ਕੇ ਜਾਂਦਾ ਹੈ - 'ਹਰਿ ਧਨੁ ਖਾਟਿ ਚਲੈ

ਜਨੁ ਸੋਇ॥ ਨਾਨਕ ਜਿਸਹਿ ਪਰਾਪਤਿ ਹੋਇ॥', ਪੰਨਾ ੨੯੫.

**ਤਾ ਕੀ ਸਰਣਿ ਜਿਨ ਬਿਸਰਤ ਨਾਹੀ॥ ਵਡਭਾਗੀ ਹਰਿ ਸੰਤ ਮਿਲਾਹੀ॥**
**ਜਨਮ ਮਰਣ ਤਿਹ ਮੂਲੇ ਨਾਹੀ॥੩॥**

**ਅਰਥ :** ਜਿਨ੍ਹਾਂ ਨੂੰ ਵਾਹਗੁਰੂ ਕਦੇ ਨਹੀਂ ਵਿਸਰਦਾ, ਉਨ੍ਹਾਂ ਦੀ ਸ਼ਰਣ ਲੈਣ ਦੀ ਲੋੜ ਹੈ, ਉਹੀ ਸੰਤ ਹੈ, ਪਰ ਅਜਿਹਾ, ਹਰੀ ਦਾ ਸੰਤ, ਹਰੀ ਆਪਣੀ ਕਿਰਪਾ ਕਰਕੇ, ਬਹੁਤ ਵਡੇ ਭਾਗਾਂ ਨਾਲ ਮਿਲਾਉਂਦਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਦਾ, ੭੧ ਪੰਨੇ ਤੇ, ਫ਼ੁਰਮਾਣ ਹੈ ਕਿ ਪਾਰਬ੍ਰਹਮ ਜਿਸ ਤੇ ਕਿਰਪਾ ਕਰ ਦਿੰਦਾ ਹੈ, ਉਸ ਨੂੰ ਸਾਧੂ ਦੀ ਸੰਗਤ ਪ੍ਰਾਪਤ ਹੁੰਦੀ ਹੈ ਅਤੇ ਜਿਉਂ ਜਿਉਂ, ਉਹ ਮਨੁਖ, ਇਸ ਸੰਗਤਿ ਨੂੰ ਵਧਾਉਂਦਾ ਜਾਂਦਾ ਹੈ, ਉਤਨਾ ਹਰੀ ਦਾ ਰੰਗ, ਭਾਵ ਨਾਮ ਦਾ ਰੰਗ ਵਧਦਾ ਜਾਂਦਾ ਹੈ – 'ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥ ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥'

**ਅਰਥ :** ਜਦੋਂ ਵਡੇ ਭਾਗਾਂ ਨਾਲ ਅਜਿਹਾ ਸੰਤ ਮਿਲ ਜਾਂਦਾ ਹੈ ਤਾਂ ਫ਼ਿਰ, ਇਸ ਕਰਕੇ ਉਨ੍ਹਾਂ ਦਾ ਜਨਮ ਮਰਨ ਦਾ ਗੇੜਾ, ਮੂਲੋਂ ਹੀ ਮੁਕ ਜਾਂਦਾ ਹੈ।੩।

ਪਾਤਸ਼ਾਹ, ਪੰਨਾ ੩੧੯ ਤੇ, ਅਜਿਹੇ ਸੰਤ ਬਾਰੇ ਇਸ਼ਾਰਾ ਕਰਦੇ ਹਨ – 'ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥' ਆਪਣੀ ਸਿਆਣਪ ਨਾਲ ਮੈਂ ਜਿਤਨੇ ਮਰਜ਼ੀ ਚੰਗੇ ਤੋਂ ਚੰਗੇ ਕਰਮ ਕਰ ਲਏ ਹੋਣ, ਬੰਧਨ ਵਿਚ ਹੀ ਪਾਂਦੇ ਹਨ। ਸਿਰਫ਼, ਜਦੋਂ ਅਜਿਹਾ ਸਾਧੂ, ਕਿਰਪਾ ਕਰ ਕੇ ਆਪਣਾ ਹਥ ਸਿਰ ਤੇ ਰਖਦਾ ਹੈ, ਤਾਂ ਹੀ ਮਨੁਖ, ਜਨਮ ਮਰਣ ਤੋਂ ਮੁਕਤੀ ਪ੍ਰਾਪਤ ਕਰਦਾ ਹੈ – 'ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ॥ ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ॥', ਪੰਨਾ ੨੧੪. ਇਹ ਠੀਕ ਹੈ ਕਿ ਭਗਤ ਜਨ ਵਾਹਗੁਰੂ ਦੀ ਕਿਰਪਾ ਨਾਲ ਹੀ ਬਣਦੇ ਹਨ ਪਰ ਫ਼ਿਰ ਬਾਕੀ ਜਗਤ ਲਈ, ਭਵਸਾਗਰ ਤੋਂ ਪਾਰ ਹੋਣ ਲਈ ਭਗਤ ਜਨਾਂ ਦੇਦਰਸ਼ਨ, ਸੰਗਤਿ, ਛੋਹ ਦਾ ਪ੍ਰਾਪਤ ਹੋਣਾ ਲਾਜ਼ਮੀ mandatory ਹੈ – 'ਹਰਿ ਕਿਰਪਾ ਤੇ ਹੋਆ ਹਰਿ ਭਗਤੁ **ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ॥**', ਪੰਨਾ ੫੫੦.

**ਕਰਿ ਕਿਰਪਾ ਮਿਲੁ ਪ੍ਰੀਤਮ ਪਿਆਰੇ॥ ਬਿਨਉ ਸੁਨਹੁ ਪ੍ਰਭ ਊਚ ਅਪਾਰੇ॥**
**ਨਾਨਕੁ ਮਾਂਗਤੁ ਨਾਮੁ ਅਧਾਰੇ॥੪॥੧॥੧੧੭॥**

**ਅਰਥ :** ਆਖਰੀ ਬੰਦ ਵਿਚ ਇਹ ਬੇਨਤੀ ਕੀਤੀ ਗਈ ਹੈ ਕਿ ਹੇ ਵਾਹਗੁਰੂ, ਮੇਰੇ ਪ੍ਰੀਤਮ ਪਿਆਰੇ ! ਮੈਨੂੰ ਮਿਲ, ਭਾਵ, ਮੇਰੇ ਨਾਲ ਮੇਲ ਕਰ, ਹੇ ਉਚੇ, ਅਪਾਰ ਪ੍ਰਭੂ ! ਮੇਰੀ ਬੇਨਤੀ, ਅਰਜ਼ੋਈ ਸੁਣੋ।

**ਅਰਥ :** ਪੰਜਵੇਂ ਨਾਨਕ ਇਹ ਬੇਨਤੀ ਕਰਕੇ, ਮੰਗ ਕਰਦੇ ਹਨ ਕਿ ਪ੍ਰਭੂ ਦਾ ਨਾਮ, ਮੇਰਾ ਆਧਾਰ ਬਣ ਜਾਏ।੪।੧।੧੧੭।

ਇੰਞ, ਨਾਮ ਦਾ ਅਧਾਰ ਬਣ ਜਾਣਾ, ਬਹੁਤ ਉਚੀ ਅਵੱਸਥਾ ਹੈ, ਜਿਥੇ ਪੁਜ ਕੇ ਹੋਰ ਕਿਸੇ ਆਹਾਰ ਦੀ ਲੋੜ ਹੀ ਖਤਮ ਹੋ ਜਾਂਦੀ ਹੈ।

ਪਾਤਸ਼ਾਹ ਨੇ, ੭੧੩ ਪੰਨੇ ਤੇ, ਅਕਾਲ ਪੁਰਖ ਤੋਂ ਨਾਮ ਦੀ ਜਾਚਨਾ ਕੀਤੀ ਹੈ ਕਿਉਂਕਿ ਹੋਰ ਕੋਈ ਵਸਤੂ, ਇਸ ਸੰਸਾਰ ਤੋਂ ਸਾਡੇ ਨਾਲ ਨਹੀਂ ਜਾਣੀ। ਇਸ ਕਰ ਕੇ ਬੇਨਤੀ ਕੀਤੀ ਹੈ ਕਿ ਅਕਾਲ ਪੁਰਖ ਦੀ ਕਿਰਪਾ ਨਾਲ ਸਿਮਰਨ ਦੀ ਦਾਤ ਪ੍ਰਾਪਤ ਹੋ ਜਾਏ – 'ਮਾਗਉ ਦਾਨੁ ਠਾਕੁਰ ਨਾਮ॥ ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ॥' ੭੮੦ ਪੰਨੇ ਤੇ

ਵੀ ਗੁਰੂ ਪ੍ਰੀਤਮ ਤੋਂ ਨਾਮ ਸਿਮਰਨ ਦੀ ਦਾਤ ਮੰਗੀ ਹੈ ਅਤੇ ਕਿਹਾ ਹੈ ਕਿ ਮੈਨੂੰ ਲਖਾਂ ਹੀ ਅਜਿਹੀਆਂ ਜੀਭਾਂ ਦੇ ਦਿਉ ਅਤੇ ਹਰੇਕ ਮੂੰਹ ਨਾਲ ਮੈਂ 'ਹਰਿ', ਭਾਵ, ਵਾਹਗੁਰੂ ਧਿਆਈ ਚਲਾਂ - 'ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ॥'

ਚੌਥੇ ਪਾਤਸ਼ਾਹ ਵੀ ਗੁਰੂ ਸਖਾ ਅਗੇ ਬੇਨਤੀ ਕਰਣ ਦਾ ਉਪਦੇਸ਼ ਦਿਤਾ ਹੈ ਕਿ ਉਹ, ਗੁਰੂ ਦੇ ਅਗੇ ਆਤਮ ਸਮਰਪਣ ਕਰਣ ਤੇ, ਹਿਰਦੇ ਵਿਚ ਰਾਮ ਨਾਮ ਦਾ ਚਾਨਣ ਬਖਸ਼ ਦਏ, ਭਾਵ ਲਿਵ ਲਗਾ ਦਏ। ਉਹ ਨਾਮ, ਮੇਰੇ ਪ੍ਰਾਣਾਂ ਦਾ ਸਖਾ ਬਣ ਕੇ ਅਗੋਂ ਲਈ ਮੇਰੇ ਰਾਹ ਦੀ ਪੂੰਜੀ ਬਣ ਜਾਏ - 'ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ॥ ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ॥' ਪਰ ਇਸ ਤੋਂ ਪਹਿਲਾਂ ਗੁਰੂ ਨੂੰ ਸਖਾ ਬਣਾਉਣ ਦੀ ਲੋੜ ਹੈ।

